# SET 2016

## PAPER – III

## PUNJABI

Signature of the Invigilator | Question Booklet No. ........330014..........

1. | OMR Sheet No.. ..................................

| | | | |
|---|---|---|---|
| **Subject Code** | **33** | **ROLL No.** | |

**Time Allowed : 150 Minutes** | **Max. Marks : 150**

No. of pages in this Booklet : **12** | No. of Questions : **75**

### INSTRUCTIONS FOR CANDIDATES

1. Write your Roll No. and the OMR Sheet No. in the spaces provided on top of this page.
2. Fill in the necessary information in the spaces provided on the OMR response sheet.
3. This booklet consists of seventy five (75) compulsory questions each carrying 2 marks.
4. Examine the question booklet carefully and tally the number of pages/questions in the booklet with the information printed above. **Do not accept a damaged or open booklet**. Damaged or faulty booklet may be got replaced within the first **5** minutes. Afterwards, neither the Question Booklet will be replaced nor any extra time given.
5. Each Question has four alternative responses marked (A), (B), (C) and (D) in the OMR sheet. You have to completely darken the circle indicating the most appropriate response against each item as in the illustration.

   (A) (B) ● (D)

6. All entries in the OMR response sheet are to be recorded in the original copy only.
7. Use only Blue/Black Ball point pen.
8. Rough Work is to be done on the blank pages provided at the end of this booklet.
9. If you write your Name, Roll Number, Phone Number or put any mark on any part of the OMR Sheet, except in the spaces allotted for the relevant entries, which may disclose your identity, or use abusive language or employ any other unfair means, you will render yourself liable to disqualification.
10. You have to return the Original OMR Sheet to the invigilators at the end of the examination compulsorily and must not carry it with you outside the Examination Hall. **You are, however, allowed to carry the test booklet and the duplicate copy of OMR Sheet** on conclusion of examination.
11. Use of any calculator, mobile phone or log table etc. is strictly prohibited.
12. **There is no negative marking.**

**33-16**

SEAL

## PAPER-III
## PUNJABI

1. ਹੇਠ ਲਿਖਿਆਂ ਵਿੱਚੋਂ ਕਿਹੜੀ ਪੂਰਬੀ ਪੰਜਾਬ ਦੀ ਉਪ-ਭਾਸ਼ਾ ਨਹੀਂ ਹੈ ?

   (A) ਪੁਆਧੀ (B) ਸਿੰਧੀ

   (C) ਮਾਝੀ (D) ਦੁਆਬੀ

2. ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦਭੇਦ ਅਵਿਕਾਰੀ ਹੈ ?

   (A) ਨਾਂਵ (B) ਕਿਰਿਆ

   (C) ਵਿਸ਼ੇਸ਼ਣ (D) ਕਿਰਿਆ ਵਿਸ਼ੇਸ਼ਣ

3. ਆਧੁਨਿਕ ਭਾਰਤੀ ਭਾਸ਼ਾਵਾਂ ਦਾ ਪਹਿਲਾ ਨੇਮਬੱਧ ਸਰਵੇਖਣ ਕਿਸਦਾ ਹੈ ?

   (A) ਗ੍ਰੀਅਰਸਨ (B) ਹਾਰਨਲੇ

   (C) ਵਿਲਿਅਮ ਕੇਰੀ (D) ਸਰ ਵਿਲੀਅਮ ਜੋਨਜ਼

4. ਭਾਸ਼ਾ ਵਿਗਿਆਨ ਵਿੱਚ // (ਟੇਢੀਆਂ ਲਾਈਨਾਂ) ਕਿਸਦਾ ਚਿੰਨ੍ਹ ਹਨ ?

   (A) ਰੂਪ ਵਿਗਿਆਨ (B) ਅਰਥ ਵਿਗਿਆਨ

   (C) ਧੁਨੀ ਵਿਗਿਆਨ (D) ਵਾਕ ਵਿਗਿਆਨ

5. ਭਾਰਤ ਦੀ ਪ੍ਰਾਚੀਨਤਮ ਲਿਪੀ ਕਿਹੜੀ ਹੈ ?

   (A) ਖਰੋਸ਼ਠੀ (B) ਬ੍ਰਹਮੀ

   (C) ਸ਼ੋਰਸੈਨੀ (D) ਟਾਕਰੀ

6. ਹੇਠ ਲਿਖਿਆਂ ਵਿੱਚੋਂ ਕਿਹੜੀ ਪੁਸਤਕ ਅਨੁਵਾਦਿਤ ਨਹੀਂ ਹੈ ?

   (A) ਮੇਰਾ ਦਾਗ਼ਿਸਤਾਨ

   (B) ਮੇਰੇ ਵਿਸ਼ਵ ਵਿਦਿਆਲੇ

   (C) ਮੇਰਾ ਪਿੰਡ

   (D) ਅਸਲੀ ਇਨਸਾਨ ਦੀ ਕਹਾਣੀ

7. ਹੇਠ ਲਿਖਿਆਂ ਵਿੱਚੋਂ ਕਿਸ ਨੂੰ ਸਾਹਿਤ ਅਕਾਦਮੀ ਦਾ ਅਨੁਵਾਦ ਪੁਰਸਕਾਰ ਮਿਲਿਆ ਹੈ ?

   (A) ਡਾ. ਜਸਵਿੰਦਰ ਸਿੰਘ (B) ਡਾ. ਮਨਮੋਹਨ

   (C) ਦਰਸ਼ਨ ਬੁੱਟਰ (D) ਡਾ. ਸਤੀਸ਼ ਕੁਮਾਰ ਵਰਮਾ

8. 'ਅਪੋਹ' ਤੋਂ ਭਾਵ ਹੈ ?

   (A) ਨਕਾਰਨਾ (B) ਅਰਥਪੂਰਨ ਸੰਕੇਤ

   (C) ਪ੍ਰਗਟਾਵਾ (D) ਸਵੀਕਾਰਨਾ

9. ਉਹ ਸ਼ਬਦ ਜੋ ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੇ ਸੁਮੇਲ ਤੋਂ ਬਣਦਾ ਹੈ, ਉਸ ਨੂੰ ਕਿਹਾ ਜਾਂਦਾ ਹੈ ?

   (A) ਮੂਲ ਸ਼ਬਦ (B) ਯੋਜਕ

   (C) ਸੰਬੰਧਕ (D) ਸਮਾਸੀ ਸ਼ਬਦ

10. ਹੇਠ ਲਿਖਿਆਂ ਵਿੱਚੋਂ ਕਿਹੜੀ ਸੰਸਥਾ ਸਰਕਾਰੀ ਅਦਾਰਾ ਨਹੀਂ ਹੈ ?

    (A) ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ

    (B) ਪੰਜਾਬੀ ਅਕਾਦਮੀ, ਦਿੱਲੀ

    (C) ਭਾਸ਼ਾ ਵਿਭਾਗ, ਪੰਜਾਬ

    (D) ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲਿਟਰੇਚਰ

11. ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਰਹਮਾਹ ਕਿਸ ਰਾਗ ਵਿੱਚ ਹੈ ?

    (A) ਮਾਝ (B) ਆਸਾ

    (C) ਤੁਖਾਰੀ (D) ਵਡਹੰਸ

12. "ਹਿੰਦੂ ਅੰਨਾ ਤੁਰਕੁ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥" ਇਹ ਤੁਕਾਂ ਕਿਸ ਰਚਨਾਕਾਰ ਦੀਆਂ ਹਨ ?

    (A) ਗੁਰੂ ਅਰਜਨ ਦੇਵ ਜੀ (B) ਭਗਤ ਕਬੀਰ ਜੀ

    (C) ਭਗਤ ਨਾਮਦੇਵ ਜੀ (D) ਗੁਰੂ ਗੋਬਿੰਦ ਸਿੰਘ ਜੀ

13. 'ਬੇਗਮਪੁਰਾ' ਦਾ ਸੰਕਲਪ ਕਿਸ ਦਾ ਹੈ ?

(A) ਭਗਤ ਰਵਿਦਾਸ (B) ਭਗਤ ਕਬੀਰ

(C) ਭਗਤ ਨਾਮਦੇਵ (D) ਭਗਤ ਧੰਨਾ

14. ਹੇਠ ਲਿਖਿਆਂ ਵਿਚੋਂ ਕਿਹੜਾ ਜੁੱਟ ਸਹੀ ਹੈ ?

(A) ਪਿਆਰਾ ਸਿੰਘ ਪਦਮ — ਗੁਰਸ਼ਬਦ ਰਤਨਾਕਰ ਮਹਾਨ ਕੋਸ਼

(B) ਭਾਈ ਵੀਰ ਸਿੰਘ — ਗੁਰੂ ਗ੍ਰੰਥ ਸੰਕੇਤ ਕੋਸ਼

(C) ਭਾਈ ਕਾਨ੍ਹ ਸਿੰਘ ਨਾਭਾ — ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼

(D) ਰਤਨ ਸਿੰਘ ਜੱਗੀ — ਗੁਰੂ ਗ੍ਰੰਥ ਵਿਸ਼ਵ ਕੋਸ਼

15. ਰਾਗ ਗੁਜਰੀ (ਗੁਰੂ ਅਮਰਦਾਸ ਜੀ) ਨੂੰ ਕਿਹੜੀ ਲੋਕ ਵਾਰ ਦੀ ਧੁਨੀ 'ਤੇ ਗਾਉਣ ਦਾ ਆਦੇਸ਼ ਦਿੱਤਾ ਗਿਆ ਹੈ ?

(A) ਸਿਕੰਦਰ ਇਬਰਾਹੀਮ ਦੀ ਵਾਰ

(B) ਹਸਨੇ ਮਹਿਮੇ ਦੀ ਵਾਰ

(C) ਮੂਸੇ ਦੀ ਵਾਰ

(D) ਲੱਲਾ ਬਹਿਲੀਮਾ ਦੀ ਵਾਰ

16. ਪੱਟੀ, ਸਿੱਧ ਗੋਸ਼ਟਿ, ਬਾਬਰ ਬਾਣੀ, ਦੱਖਣੀ ਓਅੰਕਾਰ ਆਦਿ ਰਚਨਾਵਾਂ ਕਿਸ ਦੀਆਂ ਹਨ ?

(A) ਗੁਰੂ ਨਾਨਕ ਦੇਵ (B) ਗੁਰੂ ਅਰਜਨ ਦੇਵ

(C) ਗੁਰੂ ਅਮਰਦਾਸ (D) ਗੁਰੂ ਰਾਮ ਦਾਸ

17. ਸ਼ਾਹ ਹੁਸੈਨ ਦਾ ਸੰਬੰਧ ਕਿਸ ਸੂਫ਼ੀ ਸੰਪਰਦਾਇ ਨਾਲ ਸੀ ?

(A) ਨਕਸ਼ਬੰਦੀ (B) ਕਾਦਿਰੀ ਮਲਾਮਤੀ

(C) ਚਿਸ਼ਤੀ (D) ਜ਼ੈਦੀ

18. ਬਾਬਾ ਫਰੀਦ ਦੀ ਰੂਹਾਨੀ ਯਾਤਰਾ ਦਾ ਸਹੀ ਕ੍ਰਮ ਹੈ :

(A) ਸ਼ਰੀਅਤ, ਹਕੀਕਤ, ਤਰੀਕਤ, ਮਾਰਫਤ

(B) ਸ਼ਰੀਅਤ, ਮਾਰਫਤ, ਤਰੀਕਤ, ਹਕੀਕਤ

(C) ਸ਼ਰੀਅਤ, ਤਰੀਕਤ, ਮਾਰਫਤ, ਹਕੀਕਤ

(D) ਮਾਰਫਤ, ਤਰੀਕਤ, ਹਕੀਕਤ, ਸ਼ਰੀਅਤ

19. ਸੂਫ਼ੀ ਸਾਹਿਤ ਅਧਿਐਨ ਨਾਲ ਸੰਬੰਧਤ ਵਿਦਵਾਨਾਂ ਦਾ ਸਹੀ ਜੁੱਟ ਹੈ :

(A) ਗੁਰਦੇਵ ਸਿੰਘ, ਐਸ. ਐਸ. ਅਮੋਲ, ਟੀ. ਆਰ. ਵਿਨੋਦ

(B) ਹਰਜਿੰਦਰ ਸਿੰਘ ਢਿੱਲੋਂ, ਗੁਲਵੰਤ ਸਿੰਘ, ਲਾਜਵੰਤੀ ਰਾਮਾ ਕ੍ਰਿਸ਼ਨਾਂ

(C) ਜਗਜੀਤ ਸਿੰਘ, ਨਾਹਰ ਸਿੰਘ, ਗੁਰਦੇਵ ਸਿੰਘ

(D) ਕਰਨੈਲ ਸਿੰਘ ਥਿੰਦ, ਦੀਵਾਨ ਸਿੰਘ, ਸੁਰਿੰਦਰ ਸਿੰਘ ਕੋਹਲੀ

20.

| **ਸੂਚੀ-I** | **ਸੂਚੀ-II** |
|---|---|
| (a) ਸੁਲਤਾਨ ਬਾਹੂ | (i) ਸਾਬਰੀ |
| (b) ਸ਼ਾਹ ਮੁਰਾਦ | (ii) ਸਰਵਰੀ ਕਾਦਿਰੀ |
| (c) ਮੀਰਾਂ ਸ਼ਾਹ ਜਲੰਧਰੀ | (iii) ਨੌਸ਼ਾਹੀ |
| (d) ਸਾਈਂ ਮੌਲਾ ਸ਼ਾਹ | (iv) ਕਾਦਰੀ |

ਉਪਰੋਕਤ ਚੋਂ ਕਿਹੜਾ ਕ੍ਰਮ ਸਹੀ ਹੈ ?

| | (a) | (b) | (c) | (d) |
|---|---|---|---|---|
| (A) | (ii) | (iv) | (i) | (iii) |
| (B) | (iv) | (ii) | (iii) | (i) |
| (C) | (iii) | (i) | (ii) | (iv) |
| (C) | (ii) | (iii) | (i) | (iv) |

21. ਬੁੱਲ੍ਹੇ ਸ਼ਾਹ ਦਾ ਜਨਮ ਕਿਸ ਸਾਲ ਵਿੱਚ ਹੋਇਆ ?

(A) 1665 (B) 1682

(C) 1680 (D) 1539

22. ਬਾਬਾ ਬੁੱਲ੍ਹੇ ਸ਼ਾਹ ਦੇ ਗੁਰੂ ਸਨ :

(A) ਖ਼ਵਾਜਾ ਮੁਹਕਮ ਉੱਦੀਨ (B) ਸ਼ਾਹ ਇਨਾਇਤ

(C) ਸ਼ੇਖ ਸਾਅਦ ਉਲਾਹ (D) ਸੱਯਦ ਨੂਰਦੀਨ

23. 'ਦਰਦ ਵਿਛੋੜੇ ਦਾ ਹਾਲ ਨੀ ਮੈਂ ਕਿਹਨੂੰ ਆਖਾਂ' ਕਿਸ ਸੂਫ਼ੀ ਕਵੀ ਦੀ ਰਚਨਾ ਹੈ ?

(A) ਫਰਦ ਫਕੀਰ (B) ਗੁਲਾਮ ਫਰੀਦ

(C) ਸ਼ਾਹ ਹੁਸੈਨ (D) ਬੁੱਲ੍ਹੇ ਸ਼ਾਹ

24. ਬੁੱਲ੍ਹੇ ਸ਼ਾਹ ਰਚਿਤ ਕਾਵਿ ਰੂਪਾਂ ਦਾ ਸਹੀ ਜੁੱਟ ਹੈ :
(A) ਅਠਵਾਰਾ, ਦੋਹੜੇ, ਗੰਢ, ਬੈਂਤ
(B) ਬਾਰਾਮਾਹ, ਕਾਫੀ, ਸੀਹਰਫੀ, ਅਠਵਾਰਾ
(C) ਕਾਫੀ ਸ਼ਲੋਕ ਦੋਹੜੇ ਰੁਬਾਈ
(D) ਦੋਹੜੇ, ਕਾਫੀ, ਬਾਰਾਮਾਹ, ਮਸਨਵੀ

25. 'ਹੀਰ ਰਾਂਝਾ' ਕਿੱਸਾਕਾਰਾਂ ਦਾ ਸਹੀ ਜੁੱਟ ਹੈ :
(A) ਕਿਸ਼ਨ ਸਿੰਘ, ਪੀਲੂ, ਦਮੋਦਰ ਗੁਲਾਟੀ
(B) ਮੁਕਬਲ, ਵਾਰਿਸ਼ ਸ਼ਾਹ, ਦਮੋਦਰ
(C) ਵਾਰਿਸ ਸ਼ਾਹ, ਦਮੋਦਰ, ਮੀਆਂ ਮੁਹੰਮਦ ਬਖ਼ਸ਼
(D) ਦਮੋਦਰ, ਵਾਰਿਸ ਸ਼ਾਹ, ਮੀਆਂ ਮੁਹੰਮਦ ਬੂਟਾ

26. 'ਜੰਗਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ' ਦਾ ਰਚੈਤਾ ਹੈ :
(A) ਅਣੀਰਾਇ (B) ਕਾਨ੍ਹ ਸਿੰਘ ਬੁੰਗਾ
(C) ਖਜ਼ਾਨ ਸਿੰਘ (D) ਕਾਹਨ ਸਿੰਘ ਨਾਭਾ

27. ਪੰਜਾਬੀ ਕਿੱਸਾ ਕਾਵਿ ਦੀ ਪਹਿਲੀ ਤ੍ਰਾਸਦਿਕ ਰਚਨਾ ਹੈ :
(A) ਮੌਲਵੀ ਗੁਲਾਮ ਰਸੂਲ ਦੀ ਯੂਸਫ਼ ਜੁਲੈਖਾ
(B) ਹਾਸ਼ਮ ਦੀ ਸੱਸੀ
(C) ਪੀਲੂ ਦਾ ਮਿਰਜ਼ਾ
(D) ਵਾਰਿਸ ਦੀ ਹੀਰ

28. ਹੇਠ ਲਿਖਿਆਂ ਵਿੱਚੋਂ ਕਿਹੜਾ ਜੁੱਟ ਸਹੀ ਹੈ ?
(A) ਪੰਜਾਬੀ ਭੌਰੇ — ਜੀਤ ਸਿੰਘ ਸੀਤਲ
(B) ਸ਼ੀਰੀ ਫਰਿਹਾਦ — ਸ਼ਮਸ਼ੇਰ ਸਿੰਘ ਅਸ਼ੋਕ
(C) ਪ੍ਰੀਤ ਕਹਾਣੀਆਂ — ਸੰਤ ਸਿੰਘ ਸੇਖੋਂ
(D) ਪੰਜਾਬੀ ਸੋਹਣੀ ਕਾਵਿ — ਕੁਲਬੀਰ ਸਿੰਘ ਕਾਂਗ

29. 'ਲੋਕ ਵਾਰਾਂ' ਪੁਸਤਕ ਦੇ ਰਚੈਤਾ ਹਨ :
(A) ਅਹਿਮਦ ਸਲੀਮ (B) ਗੰਡਾ ਸਿੰਘ
(C) ਰਤਨ ਸਿੰਘ ਜੱਗੀ (D) ਸ਼ਮਸ਼ੇਰ ਸਿੰਘ ਅਸ਼ੋਕ

30. ਕਿਹੜਾ ਜੁੱਟ ਸਹੀ ਨਹੀਂ ਹੈ ?
(A) ਗੰਡਾ ਸਿੰਘ — ਪ੍ਰਿਥਮ ਭਗੌਤੀ
(B) ਅਹਿਮਦ ਸਲੀਮ — ਲੋਕ ਵਾਰਾਂ
(C) ਹਕੀਕਤ ਰਾਏ — ਆਗਰੇ ਦੀ ਵਾਰ
(D) ਪੀਰ ਮੁਹੰਮਦ — ਚੱਠਿਆਂ ਦੀ ਵਾਰ

31. 'ਪਦਮ ਸ੍ਰੀ' ਹਾਸਿਲ ਕਰਨ ਵਾਲੇ ਲੇਖਕਾਂ ਦਾ ਸਹੀ ਜੁੱਟ ਹੈ :
(A) ਅੰਮ੍ਰਿਤਾ ਪ੍ਰੀਤਮ, ਸੁਰਜੀਤ ਪਾਤਰ, ਹਰਿਭਜਨ ਸਿੰਘ
(B) ਕਰਤਾਰ ਸਿੰਘ ਦੁੱਗਲ, ਸੁਰਜੀਤ ਪਾਤਰ, ਅਜੀਤ ਕੌਰ
(C) ਦਲੀਪ ਕੌਰ ਟਿਵਾਣਾ, ਸੰਤ ਸਿੰਘ ਸੇਖੋਂ, ਸੁਤਿੰਦਰ ਸਿੰਘ ਨੂਰ
(D) ਜਗਤਾਰ, ਦਲੀਪ ਕੌਰ ਟਿਵਾਣਾ, ਸੁਰਜੀਤ ਪਾਤਰ

32. 'ਇੰਡੀਅਨ ਪੀਪਲਜ਼ ਥੀਏਟਰ ਮੂਵਮੈਂਟ' ਦੇ ਆਰੰਭ ਹੋਣ ਪਿੱਛੇ ਪ੍ਰਮੁੱਖ ਕਾਰਣ ਸੀ :
(A) ਰੂਸ ਦੀ ਕ੍ਰਾਂਤੀ
(B) ਬੰਗਾਲ ਵਿੱਚ ਪਿਆ ਮਾਰੂਕਾਲ
(C) ਨਕਸਲਬਾੜੀ ਲਹਿਰ
(D) ਕਿਸਾਨ ਅੰਦੋਲਨ

33. ਹੇਠ ਲਿਖਿਆਂ ਵਿਚੋਂ ਕਿਹੜਾ ਜੁੱਟ ਸਹੀ ਨਹੀਂ ਹੈ ?
(A) ਵਾਪਸੀ — ਅਮਰਜੀਤ ਗਰੇਵਾਲ
(B) ਮੁਸੱਲੀ — ਤਾਰਿਕ ਅਨਵਰ
(C) ਚਾਬੀਆਂ — ਆਤਮਜੀਤ
(D) ਬਾਬਾ ਬੰਤੂ — ਚਰਨਦਾਸ ਸਿੱਧੂ

34. 'ਪੰਜਾਬੀ ਨਾਟਕ ਸਰੂਪ, ਸਿਧਾਂਤ ਤੇ ਵਿਕਾਸ' ਪੁਸਤਕ ਦੇ ਰਚੈਤਾ ਹਨ :
(A) ਈਸ਼ਵਰ ਚੰਦਰ ਨੰਦਾ (B) ਗੁਰਦਿਆਲ ਸਿੰਘ ਫੁੱਲ
(C) ਸੁਰਜੀਤ ਸਿੰਘ ਸੇਠੀ (D) ਹਰਭਜਨ ਸਿੰਘ ਭਾਟੀਆ

35. ਲੋਕ ਨਾਟਕ ਨਾਲ ਸਬੰਧਤ ਖੋਜਕਾਰਾਂ ਦਾ ਸਹੀ ਜੁੱਟ ਹੈ :

(A) ਬਲਵੰਤ ਗਾਰਗੀ, ਕਪੂਰ ਸਿੰਘ ਘੁੰਮਣ

(B) ਸਤੀਸ਼ ਕੁਮਾਰ ਵਰਮਾ, ਸੁਖਦੇਵ ਮਾਦਪੁਰੀ

(C) ਬਖ਼ਸ਼ੀਸ਼ ਸਿੰਘ, ਰਵੇਲ ਸਿੰਘ

(D) ਕਿਰਪਾਲ ਕਜ਼ਾਕ, ਵਣਜਾਰਾ ਬੇਦੀ

36. 'ਅਰਸਤੂ ਦਾ ਕਾਵਿ ਸ਼ਾਸਤਰ' ਦੇ ਪੰਜਾਬੀ ਅਨੁਵਾਦਕ ਹਨ :

(A) ਅਤਰ ਸਿੰਘ (B) ਸੰਤ ਸਿੰਘ ਸੇਖੋਂ

(C) ਤਰਲੋਕ ਸਿੰਘ ਕੰਵਰ (D) ਹਰਿਭਜਨ ਸਿੰਘ

37. ਹੇਠ ਲਿਖਿਆਂ ਵਿੱਚੋਂ ਕਿਹੜੀ ਵਾਰ ਗੁਰੂ ਅਰਜਨ ਦੇਵ ਜੀ ਦੀ ਨਹੀਂ ਹੈ ?

(A) ਗੁਜਰੀ ਕੀ ਵਾਰ (B) ਸੋਰਠਿ ਦੀ ਵਾਰ

(C) ਜੈਤਸਰੀ ਕੀ ਵਾਰ (D) ਬਸੰਤ ਕੀ ਵਾਰ

38. 'ਸੋਹਣੀ ਮਹੀਂਵਾਲ' ਕਿੱਸਾਕਾਰਾਂ ਦਾ ਸਹੀ ਜੁੱਟ ਹੈ :

(A) ਭਗਵਾਨ ਸਿੰਘ, ਫ਼ਜ਼ਲ ਸ਼ਾਹ, ਪੰਡਿਤ ਸਦਾ ਰਾਮ

(B) ਫ਼ਜ਼ਲ ਸ਼ਾਹ, ਸਾਧੂ ਸਦਾ ਰਾਮ, ਮੌਲਵੀ ਗੁਲਾਮ ਰਸੂਲ

(C) ਪੰਡਿਤ ਸਦਾ ਰਾਮ, ਫ਼ਜ਼ਲ ਸ਼ਾਹ, ਰਾਂਝਾ ਬਰਖੁਰਦਾਰ

(D) ਭਗਵਾਨ ਸਿੰਘ, ਫ਼ਜਲ ਸ਼ਾਹ, ਪੀਲੂ

39. ਵਿੱਦਿਅਕ ਅਦਾਰਿਆਂ ਵਿੱਚ ਭ੍ਰਿਸ਼ਟਾਚਾਰ ਨਾਲ ਸੰਬੰਧਤ ਨਾਟਕਾਂ ਦਾ ਸਹੀ ਜੁੱਟ ਹੈ :

(A) ਕਬਰਸਤਾਨ, ਕੱਲ੍ਹ ਕਾਲਜ ਬੰਦ ਰਵੇਗਾ

(B) ਪਾਗ਼ਲ ਲੋਕ, ਸੈਲ ਪੱਥਰ

(C) ਕਬਰਸਤਾਨ, ਇਕ ਹੀਰੋ ਦੀ ਤਲਾਸ਼

(D) ਕੁਲੱਛਣੇ, ਸੈਲ ਪੱਥਰ

40.

| ਸੂਚੀ-I | ਸੂਚੀ-II |
|---|---|
| (a) ਮਿੱਤਰ ਪਿਆਰਾ | (i) ਸੁਧਾਰਵਾਦੀ ਪ੍ਰਵਿਰਤੀ |
| (b) ਅਨਜੋੜ | (ii) ਰਾਜਸੀ ਪ੍ਰਵਿਰਤੀ |
| (c) ਰੱਤਾ ਸਾਲੂ | (iii) ਇਤਿਹਾਸਕ ਪ੍ਰਵਿਰਤੀ |
| (d) ਗਗਨ ਮਹਿ ਥਾਲ | (iv) ਧਾਰਮਿਕ ਪ੍ਰਵਿਰਤੀ |

ਨਿਮਨਲਿਖਤ ਦਾ ਸਹੀ ਕ੍ਰਮ ਹੈ :

| | (a) | (b) | (c) | (d) |
|---|---|---|---|---|
| (A) | (ii) | (iii) | (i) | (iv) |
| (B) | (iii) | (i) | (ii) | (iv) |
| (C) | (iv) | (iii) | (iv) | (ii) |
| (D) | (ii) | (i) | (iii) | (iv) |

41. ਸੀਹਰਫੀ ਦੀ ਰਚਨਾ ਕਰਨ ਵਾਲੇ ਸੂਫ਼ੀ ਕਵੀਆਂ ਦਾ ਸਹੀ ਜੁੱਟ ਹੈ :

(A) ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਹਦਾਇਤੁੱਲਾਹ

(B) ਸੁਲਤਾਨ ਬਾਹੂ, ਫਰੀਦ ਸ਼ੱਕਰਗੰਜ, ਸ਼ਾਹ ਹੁਸੈਨ

(C) ਫਰੀਦ ਸ਼ਕਰਗੰਜ, ਬੁੱਲ੍ਹੇ ਸ਼ਾਹ, ਮੀਆਂ ਜਾਨ ਮੁਹੰਮਦ

(D) ਹਦਾਇਤੁੱਲਾਹ, ਸੁਲਤਾਨ ਬਾਹੂ, ਗੁਲਾਮ ਫਰੀਦ

42. ਮਰਦਾਂ ਦੇ ਗਹਿਣਿਆਂ ਦਾ ਸਹੀ ਜੁੱਟ ਹੈ :

(A) ਕੰਠਾ, ਮਾਲਾ, ਮੁੰਦਰੀ, ਬੁੰਦੇ

(B) ਤਵੀਤ, ਬੁਘਤੀਆਂ, ਕੰਗਣ, ਮਾਲਾ

(C) ਕੜਾ, ਕੰਠਾ, ਮਾਲਾ, ਤਵੀਤੜੀਆਂ

(D) ਮੁੰਦਰਾਂ, ਫੁੱਲ, ਗਾਨੀ, ਨੱਤੀਆਂ

43. 'ਪੱਤਲ' ਲੋਕ ਕਾਵਿ ਦਾ ਸੰਬੰਧ ਕਿਸ ਨਾਲ ਹੈ ?

(A) ਤੀਆਂ (B) ਜੰਞ ਬੰਨ੍ਹਣੀ

(C) ਮੌਤ (D) ਗੁੜ੍ਹਤੀ

44. A : ਲੋਕਯਾਨ ਵਿਸ਼ਿਸ਼ਟ ਸਾਹਿਤਕ ਰਚਨਾਵਾਂ ਨੂੰ ਜਨਮ ਦਿੰਦਾ ਹੈ, ਸਿਰਜਨਾਤਮਕ ਲਿਖਤਾਂ ਬਾਰੇ ਨਵੀਂ ਸੂਝ ਨੂੰ ਉਤੇਜਿਤ ਕਰਦਾ ਹੈ ਅਤੇ ਵਿਸ਼ਿਸ਼ਟ ਸ਼ਾਹਿਤ ਨੂੰ ਆਪਣੇ ਵਿਸਤ੍ਰਿਤ ਭੰਡਾਰ ਵਿੱਚੋਂ ਸਮੱਗਰੀ ਦੇ ਕੇ ਅਮੀਰ ਬਣਾਉਂਦਾ ਹੈ।

R : ਲੋਕਯਾਨ ਅਤੇ ਵਿਸ਼ਿਸ਼ਟ ਸਾਹਿਤ ਵਿੱਚ ਇਹ ਪਰਸਪਰ ਸੰਬੰਧ ਉਜਾਗਰ ਕਰਨ ਲਈ ਸਾਹਿਤ ਦੀ ਉੱਤਪਤੀ ਦਾ ਲੋਕਯਾਨੀ ਸਿਧਾਂਤ ਨਿਸ਼ਚਿਤ ਕਰਨਾ ਜ਼ਰੂਰੀ ਨਹੀਂ ਹੈ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ :

(A) A ਅਤੇ R ਆਂਸ਼ਿਕ ਸਹੀ ਹਨ

(B) A ਅਤੇ R ਦੋਵੇਂ ਸਹੀ ਹਨ

(C) A ਸਹੀ ਅਤੇ R ਗ਼ਲਤ ਹੈ

(D) A ਗ਼ਲਤ ਅਤੇ R ਸਹੀ ਹੈ

45. A : ਕੁਝ ਮਾਨਵ ਵਿਗਿਆਨੀਆਂ ਨੇ ਸਭਿਆਚਾਰਕ ਪਰਿਵਰਤਨਾਂ ਅਤੇ ਵਿਕਾਸ ਦੀ ਹੋਂਦ ਤੋਂ ਇਨਕਾਰ ਕੀਤਾ ਹੈ ਅਤੇ ਇਸਨੂੰ ਸਵੈ-ਸੰਪੂਰਣ ਅਤੇ ਸਥਿਰ ਹੋਂਦ ਵਾਲਾ ਸਵੀਕਾਰ ਕੀਤਾ ਹੈ।

R : ਸਭਿਆਚਾਰ ਦੀ ਗ੍ਰਹਿਣਸ਼ੀਲਤਾ ਹੀ ਇਸਦੇ ਸਥਿਰ ਹੋਣ ਦਾ ਪ੍ਰਮਾਣ ਬਣਦੀ ਹੈ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ :

(A) A ਸਹੀ ਅਤੇ R ਗ਼ਲਤ ਹੈ

(B) A ਗ਼ਲਤ ਅਤੇ R ਆਂਸ਼ਿਕ ਸਹੀ ਹੈ

(C) A ਗ਼ਲਤ ਅਤੇ R ਸਹੀ ਹੈ

(D) A ਅਤੇ R ਦੋਵੇਂ ਸਹੀ ਹਨ

46. "ਗਈ ਸਾਂ ਮੈਂ ਗੰਗਾ ਚੜ੍ਹਾ ਲਿਆਈ ਵੰਗਾਂ" ਕਿਸ ਲੋਕ-ਨਾਚ ਦੇ ਬੋਲ ਹਨ :

(A) ਸੰਮੀ (B) ਕਿਕਲੀ

(C) ਗਿੱਧਾ (D) ਝੂੰਮਰ

47.

| ਸੂਚੀ-I | ਸੂਚੀ-II |
|---|---|
| (a) ਪਿੱਤਰ ਪੂਜਾ | (i) ਲੋਕ ਖੇਡ |
| (b) ਨਿਰਜਲਾ ਇਕਾਦਸ਼ੀ | (ii) ਮੇਲਾ |
| (c) ਸੈਂਚੀ ਪੱਕੀ | (iii) ਲੋਕ ਵਿਸ਼ਵਾਸ |
| (d) ਗੁੱਗਾ ਨੌਂਵੀਂ | (iv) ਤਿਉਹਾਰ |

ਉਪਰੋਕਤ ਦਾ ਸਹੀ ਜੁੱਟ ਹੈ :

| | (a) | (b) | (c) | (d) |
|---|---|---|---|---|
| (A) | (iv) | (iii) | (ii) | (i) |
| (B) | (iii) | (i) | (iv) | (ii) |
| (C) | (iii) | (iv) | (i) | (ii) |
| (D) | (iv) | (ii) | (iii) | (i) |

48. ਫੁਲਕਾਰੀ ਲਈ ਕਿਹੜਾ ਜੁੱਟ ਸਹੀ ਹੈ ?

(A) ਬਾਗ, ਨੀਲਕ, ਚੋਪ ਤੇ ਸੁਬਰ, ਛਮਾਸ

(B) ਘੁੰਗਟ ਬਾਗ, ਤਿਲ ਪੱਤਰਾ, ਰੁਮਾਲ, ਚੋਪ

(C) ਚੋਪ, ਪੱਖੀਆਂ, ਚਾਦਰ, ਛਮਾਸ

(D) ਛਮਾਸ, ਮੁਰਕੀਆਂ, ਦੁਪੱਟੇ, ਚਾਦਰ

49. ਬਿਰਤਾਂਤਕ ਜੁਗਤਾਂ ਦਾ ਸਹੀ ਜੁੱਟ ਹੈ :

(A) ਕਾਫੀਆਂ, ਸੰਵਾਦ

(B) ਅਜਨਬੀਕਰਨ, ਮਿੱਥ ਰੂਪਾਂਤਰਣ

(C) ਗਤੀਸ਼ੀਲ, ਮੋਟਿਫ, ਦੁਹਰਾਓ

(D) ਕਥਾ ਰੂੜ੍ਹੀ, ਸਥਿਰ ਮੋਟਿਫ

50.

| ਸੂਚੀ-I | ਸੂਚੀ-II |
|---|---|
| (a) ਧਨਵੰਤ ਕੌਰ | (i) ਸਮਾਜ, ਸੱਤਾ ਤੇ ਸਮਕਾਲੀ ਨਾਵਲ |
| (b) ਟੀ. ਆਰ. ਵਿਨੋਦ | (ii) ਪੰਜਾਬੀ ਨਾਵਲ ਦਾ ਇਤਿਹਾਸ |
| (c) ਗੁਰਪਾਲ ਸਿੰਘ ਸੰਧੂ | (iii) ਨਾਵਲ ਆਲੋਚਨਾ ਸ਼ਬਦਾਵਲੀ ਕੋਸ਼ |
| (d) ਸੁਰਿੰਦਰ ਕੁਮਾਰ ਦਵੇਸ਼ਵਰ | (iv) ਪੰਜਾਬੀ ਨਾਵਲਕਾਰ ਸੰਦਰਭ ਕੋਸ਼ |

ਉਪਰੋਕਤ ਦਾ ਸਹੀ ਜੁੱਟ ਹੈ :

| | (a) | (b) | (c) | (d) |
|---|---|---|---|---|
| (A) | (iv) | (iii) | (ii) | (i) |
| (B) | (ii) | (iv) | (iii) | (i) |
| (C) | (i) | (ii) | (iii) | (iv) |
| (D) | (iii) | (iv) | (ii) | (i) |

51. ਹੇਠ ਲਿਖਿਆਂ ਵਿੱਚੋਂ ਕਿਹੜੀ ਰਚਨਾ ਗੁਰਦਿਆਲ ਸਿੰਘ ਦੀ ਹੈ ?
(A) ਜੀਵਨ ਸੰਗ੍ਰਾਮ (B) ਅੱਧਖਿੜਿਆ ਫੁੱਲ
(C) ਖ਼ੂਨ ਦੇ ਸੋਹਿਲੇ (D) ਅਣਹੋਏ

52. ਜਸਵੰਤ ਸਿੰਘ ਕੰਵਲ ਦੇ ਨਾਵਲਾਂ ਦਾ ਸਹੀ ਜੁੱਟ ਹੈ :
(A) ਜੁਗ ਬਦਲ ਗਿਆ, ਤੂਤਾਂ ਵਾਲਾ ਖੂਹ
(B) ਤੋਸ਼ਾਲੀ ਦੀ ਹੰਸੋ, ਪੂਰਨਮਾਸ਼ੀ
(C) ਪਿੰਜਰ, ਡਾ. ਦੇਵ
(D) ਹਾਣੀ, ਰੇਤੇ ਦੀ ਇਕ ਮੁੱਠੀ

53. A : ਮੁੱਢਲੀ ਪੰਜਾਬੀ ਕਹਾਣੀ ਆਪਣੇ ਯਥਾਰਥਵਾਦੀ ਦ੍ਰਿਸ਼ਟੀਕੋਣ ਕਰਕੇ ਹੀ ਮੱਧਕਾਲੀ ਬਿਰਤਾਂਤ, ਵਿਸ਼ੇਸ਼ ਕਰਕੇ ਲੋਕ ਕਥਾ ਨਾਲੋਂ ਵਿਲੱਖਣ ਹੋਂਦ ਗ੍ਰਹਿਣ ਕਰਦੀ ਹੈ। ਮਗਰਲੀ ਕਹਾਣੀ ਵਿੱਚ ਯਥਾਰਥਵਾਦੀ ਦ੍ਰਿਸ਼ਟੀਕੋਣ ਬਹੁਤ ਸਾਰੇ ਨਵੇਂ ਪਾਸਾਰ ਉਜਾਗਰ ਕਰਨ ਕਰਕੇ ਨਵੀਨ ਕਥਾ-ਦ੍ਰਿਸ਼ਟੀ ਦਾ ਵਾਹਕ ਹੋ ਨਿਬੜਦਾ ਹੈ।
R : ਇਸ ਮੁੱਖ ਤਬਦੀਲੀ ਦਾ ਕਾਰਨ ਕਹਾਣੀਕਾਰਾਂ ਦੀ ਅਧਿਆਤਮਕ ਆਸਥਾ ਤੋਂ ਮੁਕਤੀ ਤੇ ਲੌਕਿਕ ਜਾਂ ਵਿਗਿਆਨਕ ਚੇਤਨਾ ਨਾਲ ਜੁੜਦਾ ਹੈ।
ਉਪਰੋਕਤ ਵਿੱਚੋਂ ਕਿਹੜਾ ਸਹੀ ਹੈ :
(A) A ਆਂਸ਼ਿਕ ਸਹੀ ਹੈ, R ਗ਼ਲਤ ਹੈ
(B) A ਅਤੇ R ਦੋਵੇਂ ਗ਼ਲਤ ਹਨ
(C) A ਅਤੇ R ਦੋਵੇਂ ਸਹੀ ਹਨ
(D) A ਸਹੀ, R ਆਂਸ਼ਿਕ ਸਹੀ ਹੈ

54.

| ਸੂਚੀ-I | ਸੂਚੀ-II |
|---|---|
| (a) ਸੁਸ਼ੀਲ ਕੌਰ | (i) ਫਰੰਗੀਆਂ ਦੀ ਨੂੰਹ |
| (b) ਵੀਨਾ ਵਰਮਾ | (ii) ਲੂਣੀ ਮਹਿਕ |
| (c) ਦਰਸ਼ਨ ਧੀਰ | (iii) ਧੁਖਦਾ ਸ਼ਹਿਰ |
| (d) ਰਾਣੀ ਨਗੇਂਦਰ | (iv) ਕੁਛ ਦੇਖੀਆਂ ਕੁਛ ਬੀਤੀਆਂ |

ਉਪਰੋਕਤ ਦਾ ਸਹੀ ਕ੍ਰਮ ਹੈ :

| | (a) | (b) | (c) | (d) |
|---|---|---|---|---|
| (A) | (iv) | (ii) | (iii) | (i) |
| (B) | (iv) | (i) | (ii) | (iii) |
| (C) | (iii) | (ii) | (iv) | (i) |
| (D) | (ii) | (iv) | (i) | (iii) |

55. A : ਪੰਜਾਬੀ ਕਹਾਣੀ ਖੇਤਰ ਵਿੱਚ ਕੁਛ ਅਜਿਹੀਆਂ ਕਹਾਣੀਆਂ ਜ਼ਰੂਰ ਮਿਲਦੀਆਂ ਹਨ, ਜਿਨ੍ਹਾਂ ਨੂੰ ਪ੍ਰਗਤੀਵਾਦੀ ਜਾਂ ਪ੍ਰਯੋਗਵਾਦੀ ਕਿਹਾ ਜਾ ਸਕੇ, ਪਰ ਕਹਾਣੀ ਦੇ ਇਤਿਹਾਸ ਵਿੱਚ ਕਿਸੇ ਕਾਲ-ਖੰਡ ਨੂੰ ਇਹਨਾਂ ਨਾਵਾਂ ਨਾਲ ਸੰਬੰਧਤ ਨਹੀਂ ਕੀਤਾ ਜਾ ਸਕਦਾ।
R : ਹਰ ਕਹਾਣੀ ਕਿਸੇ ਅਦੁੱਤੀ ਸੰਭਾਵਨਾ ਨੂੰ ਉਜਾਗਰ ਕਰਦੀ ਹੈ ਤੇ ਉਸ ਦੀ ਉਸਾਰੀ ਸ਼ੁੱਧ ਅਨੁਕਰਣ ਬਿਰਤੀ ਰਾਹੀਂ ਸੰਭਵ ਨਹੀਂ।
ਉਪਰੋਕਤ ਵਿੱਚੋਂ ਕਿਹੜਾ ਸਹੀ ਹੈ :
(A) A ਆਂਸ਼ਿਕ ਸਹੀ, R ਸਹੀ
(B) A ਅਤੇ R ਦੋਵੇਂ ਗ਼ਲਤ ਹਨ
(C) A ਸਹੀ, R ਆਂਸ਼ਿਕ ਸਹੀ
(D) A ਅਤੇ R ਦੋਵੇਂ ਸਹੀ ਹਨ

56.

| ਸੂਚੀ-I | ਸੂਚੀ-II |
|---|---|
| (a) ਨਛੱਤਰ | (i) ਨਿਰਵਾਣ |
| (b) ਗੁਰਦਿਆਲ ਸਿੰਘ | (ii) ਸਲੋਅ ਡਾਊਨ |
| (c) ਜਸਵਿੰਦਰ ਸਿੰਘ | (iii) ਮਾਤ ਲੋਕ |
| (d) ਮਨਮੋਹਨ | (iv) ਆਹਣ |

ਉਪਰੋਕਤ ਦਾ ਸਹੀ ਕ੍ਰਮ ਹੈ :

| | (a) | (b) | (c) | (d) |
|---|---|---|---|---|
| (A) | (iv) | (iii) | (ii) | (i) |
| (B) | (iii) | (iv) | (ii) | (i) |
| (C) | (ii) | (iv) | (iii) | (i) |
| (D) | (iv) | (iii) | (ii) | (i) |

57. 'ਪੱਛਮੀ ਆਲੋਚਨਾ ਦੀ ਪਰੰਪਰਾ' ਪੁਸਤਕ ਦਾ ਕਰਤਾ ਹੈ :
(A) ਗੁਰਚਰਨ ਸਿੰਘ ਅਰਸ਼ੀ (B) ਰੋਸ਼ਨ ਲਾਲ ਆਹੂਜਾ
(C) ਬ੍ਰਹਮਜਗਦੀਸ਼ ਸਿੰਘ (D) ਰਵਿੰਦਰ ਸਿੰਘ ਰਵੀ

58. ਇਨ੍ਹਾਂ ਵਿੱਚੋਂ ਕਿਹੜਾ ਕਵੀ ਪੰਜਾਬੀ ਜੁਝਾਰਵਾਦੀ ਲਹਿਰ ਨਾਲ ਸੰਬੰਧਤ ਹੈ ?
(A) ਲਾਲ ਸਿੰਘ ਦਿਲ (B) ਸੋਹਣ ਸਿੰਘ ਮੀਸ਼ਾ
(C) ਹਰਨਾਮ (D) ਮੋਹਨਜੀਤ

59. ਇਨ੍ਹਾਂ ਵਿੱਚੋਂ ਕਿਹੜਾ ਵਿਦਵਾਨ, ਰੂਪਵਾਦੀ-ਸੰਰਚਨਾਵਾਦੀ ਆਲੋਚਨਾ-ਪ੍ਰਣਾਲੀ ਨਾਲ ਸੰਬੰਧਤ ਹੈ :

(A) ਪ੍ਰੋ. ਕਿਸ਼ਨ ਸਿੰਘ (B) ਹਰਿਭਜਨ ਸਿੰਘ

(C) ਸੰਤ ਸਿੰਘ ਸੇਖੋਂ (D) ਅਤਰ ਸਿੰਘ

60. ਬਾਵਾ ਬਲਵੰਤ ਕਿਸ ਕਾਵਿ-ਧਾਰਾ ਨਾਲ ਸੰਬੰਧਤ ਕਵੀ ਹੈ ?

(A) ਰਹੱਸਵਾਦੀ (B) ਜੁਝਾਰਵਾਦੀ

(C) ਪ੍ਰਯੋਗਵਾਦੀ (D) ਪ੍ਰਗਤੀਵਾਦੀ

61. 'ਪਾਠ' ਤੇ 'ਪਾਠਾਰਥ' ਨੂੰ ਕਿਸਨੇ 'pheno-texte' ਅਤੇ 'geno-texte' ਰਾਹੀਂ ਸਮਝਾਉਣ ਦੀ ਕੋਸ਼ਿਸ਼ ਕੀਤੀ ?

(A) ਰੈਕਸਮ (B) ਕਲੀਂਥ ਬਰੁਕਸ

(C) ਬਕਲੋਵਸਕੀ (D) ਜੂਲੀਆ ਕ੍ਰਿਸਤੀਵਾ

62. 'ਪੰਜਾਬੀ ਸ਼ਾਹਿਰਾਂ ਦਾ ਤਜ਼ਕਰਾ' ਪੁਸਤਕ ਦਾ ਲੇਖਕ ਹੈ :

(A) ਮੋਹਨ ਸਿੰਘ ਦੀਵਾਨਾ (B) ਗੁਲਵੰਤ ਸਿੰਘ

(C) ਮੌਲਾ ਬਖ਼ਸ਼ ਕੁਸ਼ਤਾ (D) ਗੁਰਦੇਵ ਸਿੰਘ

63. 'ਪੰਜਾਬੀ ਖੋਜ ਸੰਦਰਭ' ਤੇ 'ਪੰਜਾਬੀ ਦੇ ਪ੍ਰਵਾਨਿਤ ਖੋਜ-ਪ੍ਰਬੰਧ' ਸੰਦਰਭ-ਪੁਸਤਕਾਂ ਕਿਸ ਨੇ ਤਿਆਰ ਕੀਤੀਆਂ ਹਨ ?

(A) ਰਤਨ ਸਿੰਘ ਜੱਗੀ (B) ਧਰਮ ਸਿੰਘ

(C) ਬ੍ਰਹਮਜਗਦੀਸ਼ ਸਿੰਘ (D) ਕੁਲਦੀਪ ਸਿੰਘ ਧੀਰ

64. ਹੇਠ ਲਿਖੇ ਦਾ ਸਹੀ ਜੁੱਟ ਹੈ :

(A) ਰਸੀਦੀ ਟਿਕਟ — ਬਚਿੰਤ ਕੌਰ

(B) ਚੋਲਾ ਟਾਕੀਆਂ ਵਾਲਾ — ਹਰਿਭਜਨ ਸਿੰਘ

(C) ਆਰਸੀ — ਅੰਮ੍ਰਿਤ ਪ੍ਰੀਤਮ

(D) ਪਗਡੰਡੀਆਂ — ਤੇਜਾ ਸਿੰਘ

65. ਗੁਰਮਤਿ-ਕਾਵਿ ਸੰਬੰਧੀ ਖੋਜਕਾਰਾਂ ਦਾ ਜੁੱਟ ਹੈ :

(A) ਕੁਲਬੀਰ ਸਿੰਘ ਕਾਂਗ, ਸਤਿੰਦਰ ਸਿੰਘ, ਮੋਹਨ ਸਿੰਘ ਦੀਵਾਨਾ

(B) ਮਹਿੰਦਰ ਕੌਰ ਗਿਲ, ਜਗਬੀਰ ਸਿੰਘ, ਗੁਰਚਰਨ ਸਿੰਘ

(C) ਕਰਨੈਲ ਸਿੰਘ ਥਿੰਦ, ਪਿਆਰ ਸਿੰਘ, ਆਤਮਜੀਤ ਸਿੰਘ

(D) ਤਰਲੋਕ ਸਿੰਘ ਕੰਵਰ, ਰਘਬੀਰ ਸਿੰਘ, ਬਿਕਰਮ ਸਿੰਘ ਘੁੰਮਣ

66. ਮੌਲਾ ਬਖ਼ਸ਼ ਕੁਸ਼ਤਾ ਦੁਆਰਾ ਰਚਿਤ ਪੁਸਤਕ 'ਪੰਜਾਬ ਦੇ ਹੀਰੇ' ਕਿਸ ਸਾਹਿਤਕ-ਵਿਧਾ ਨਾਲ ਸੰਬੰਧਤ ਹੈ ?

(A) ਜੀਵਨੀ (B) ਰੇਖਾ ਚਿੱਤਰ

(C) ਆਲੋਚਨਾ (D) ਕਿੱਸਾ

67. 'ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ' ਸਿਰਲੇਖ ਹੇਠ, ਸਭ ਤੋਂ ਪਹਿਲਾਂ ਪੰਜਾਬੀ ਸਾਹਿਤ ਦਾ ਇਤਿਹਾਸ ਕਿਸ ਨੇ ਲਿਖਿਆ ?

(A) ਗੋਪਾਲ ਸਿੰਘ ਦਰਦੀ (B) ਸੁਰਿੰਦਰ ਸਿੰਘ ਕੋਹਲੀ

(C) ਮੋਹਨ ਸਿੰਘ ਦੀਵਾਨਾ (D) ਸੰਤ ਸਿੰਘ ਸੇਖੋਂ

68. 'ਪੰਜਾਬੀ ਖੋਜ ਦਾ ਇਤਿਹਾਸ' ਕਿਸ ਅਦਾਰੇ ਵੱਲੋਂ ਤਿਆਰ ਕਰਵਾਇਆ ਗਿਆ ਹੈ ?

(A) ਨੈਸ਼ਨਲ ਬੁੱਕ ਟਰੱਸਟ ਆਫ਼ ਇੰਡੀਆ

(B) ਪੰਜਾਬੀ ਅਕਾਦਮੀ, ਦਿੱਲੀ

(C) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

(D) ਜੰਮੂ ਯੂਨੀਵਰਸਿਟੀ, ਜੰਮੂ

69. ਪੰਜਾਬੀ ਸਾਹਿਤ ਦੀ ਕਾਲ ਵੰਡ ਦਾ ਮਸਲਾ ਕਿਸ ਨੇ ਛੇੜਿਆ ?

(A) ਮੋਹਨ ਸਿੰਘ ਦੀਵਾਨਾ (B) ਗੋਬਿੰਦ ਸਿੰਘ ਲਾਂਬਾ

(C) ਪਰਮਿੰਦਰ ਸਿੰਘ (D) ਬਾਵਾ ਬੁੱਧ ਸਿੰਘ

70. ਗ਼ਜ਼ਲਾਂ ਦੇ ਵੱਡੇ ਸੰਗ੍ਰਹਿ ਨੂੰ ਕਹਿੰਦੇ ਹਨ :

(A) ਮੁਸਲਸਲ ਗ਼ਜ਼ਲ (B) ਦੀਵਾਨਿ

(C) ਸ਼ਾਹ ਬੈਂਤ (D) ਗ਼ੈਰ ਮੁਸਲਸਲ ਗ਼ਜਲ

71. ਪੰਜਾਬੀ ਸਾਹਿਤ ਦੇ ਇਤਿਹਾਸ ਦਾ ਕਿਹੜਾ ਕਾਲ ਅਪਭ੍ਰੰਸ਼ ਪ੍ਰਧਾਨ ਹੈ ?

(A) ਪੂਰਵ ਨਾਨਕ ਕਾਲ (B) ਪਰਿਵਰਤਨ ਕਾਲ

(C) ਵਰਤਮਾਨ ਕਾਲ (D) ਇਨ੍ਹਾਂ ਵਿਚੋਂ ਕੋਈ ਵੀ ਨਹੀਂ

72. ਇਨ੍ਹਾਂ ਵਿਚੋਂ ਕਿਹੜਾ ਵਾਰਤਕ ਰੂਪਾਕਾਰ ਮੱਧਕਾਲੀਨ ਪੰਜਾਬੀ ਵਾਰਤਕ ਨਾਲ ਸੰਬੰਧਤ ਨਹੀਂ ਹੈ ?

(A) ਪਰਚੀ (B) ਰਹਿਤਨਾਮਾ

(C) ਨਿਬੰਧ (D) ਜਨਮਸਾਖੀ

73. 'ਆਧੁਨਿਕ ਬੋਧ' ਦਾ ਸੰਬੰਧ ਹੈ :

(A) ਰਹੱਸਵਾਦ ਨਾਲ

(B) ਅਧਿਆਤਮਵਾਦ ਨਾਲ

(C) ਵਿਗਿਆਨਕ ਨਜ਼ਰੀਏ ਨਾਲ

(D) ਇਨ੍ਹਾਂ ਵਿਚੋਂ ਕਿਸੇ ਨਾਲ ਵੀ ਨਹੀਂ

74. 'ਉੱਦਾਤ ਦਾ ਸਿਧਾਂਤ' ਕਿਸ ਨੇ ਪੇਸ਼ ਕੀਤਾ ?

(A) ਪਲਾਟੋ (B) ਲੋਨਜਾਈਨਸ

(C) ਕਾਰਲ ਮਾਰਕਸ (D) ਚੌਮਸਕੀ

75. 'ਵਿਰੇਚਨ' ਦਾ ਸਿਧਾਂਤ ਕਿਸ ਵਿਦਵਾਨ ਨਾਲ ਸੰਬੰਧਤ ਹੈ ?

(A) ਅਰਸਤੂ (B) ਲੋਨਜਾਈਨਸ

(C) ਸਾਸਿਊਰ (D) ਭਰਤ ਮੁਨੀ